# 9

# ਖ਼ੁਦਾ ਦਾ ਆਤਮਾ

*‘‘ਧਰਤੀ ਬੇਡੌਲ ਅਤੇ ਸੁੰਞੀ ਸੀ ਅਤੇ ਡੂੰਘਾਈ ਦੇ ਉੱਤੇ ਅਨ੍ਹੇਰਾ ਸੀ ਅਤੇ ਪਰਮੇਸ਼ੁਰ ਦਾ ਆਤਮਾ ਪਾਣੀਆਂ ਦੇ ਉੱਤੇ ਸੇਉਂਦਾ ਸੀ’’ (ਉਤਪਤ 1:2)।*

ਉਤਪਤ 1:2 ਵਿਚ ਕਿਹਾ ਗਿਆ ਹੈ ਕਿ ਰਚਨਾ ਦੇ ਵਕਤ ‘‘ਰੁਆਹ ਏਲੋਹੀਮ ਭਾਵ ਖ਼ੁਦਾ ਦਾ ਰੂਹ’’ ਪਾਣੀਆਂ ਉੱਤੇ ਹਿੱਲ ਰਿਹਾ ਸੀ। ਖ਼ੁਦਾਈ ਦੇ ਇਸ ਸ਼ਖ਼ਸ ਦੇ ਇਕ ਹਵਾਲੇ ਦੇ ਰੂਪ ਵਿਚ ਏਲੋਹੀਮ ਸ਼ਬਦ ਦਾ ਅਰਥ ਜਾਣਨ ਦੀ ਕੋਸ਼ਿਸ਼ ਕਰੀਏ।

## ਰੁਆਹ (*RUACH*) ਸ਼ਬਦ ਦਾ ਅਰਥ

ਸੰਦਰਭ ਦੇ ਅਧਾਰ ਤੇ ਰੁਆਹ ਦੇ ਕਈ ਅਰਥ ਹੋ ਸਕਦੇ ਹਨ। ਜ਼ਿਆਦਾਤਰ ਅੰਗ੍ਰੇਜ਼ੀ ਅਨੁਵਾਦਾਂ ਵਿਚ ਉਤਪਤ 1:2 ਵਿਚ *ਰੁਆਹ* ਦਾ ਅਨੁਵਾਦ ‘‘ਰੂਹ’’ ਦੇ ਅਨੁਵਾਦ ਵਿਚ ਮਿਲਦਾ ਹੈ। ਇਹ ਸ਼ਬਦ ਇਕ ਕਿਰਿਆ ਤੋਂ ਲਿਆ ਗਿਆ ਹੈ ਜਿਸਦਾ ਅਰਥ ‘‘ਸਾਹ ਲੈਣਾ’’ ਹੈ। ਇਸਦੇ ਨਾਂਅ ਦਾ ਅਰਥ ਕਈ ਵਾਰੀ ‘‘breath’’ (ਪੰਜਾਬੀ ਵਿਚ ਇਸਦਾ ਅਨੁਵਾਦ ‘‘ਪਰਮੇਸ਼ੁਰ ਦਾ ਆਤਮਾ’’) ਮਿਲਦਾ ਹੈ (ਉਤਪਤ 6:17; ਜ਼ਬੂਰ 146:4[1])। ਕਿਤੇ ਇਹਦਾ ਅਰਥ ‘‘ਹਵਾ’’ (ਅੱਯੂਬ 41:16) ਕਦੇ ‘‘ਹਵਾ’’ (ਉਤਪਤ 8:1) ਅਤੇ ਕਦੇ ‘‘ਆਤਮਾ’’ (ਜ਼ਬੂਰ 31:5) ਹੁੰਦਾ ਹੈ।

ਨਵੇਂ ਯਹੂਦੀ ਅਨੁਵਾਦ ਵਿਚ ਮੂਸਾ ਦੇ ਵਾਕ ਅੰਸ਼ ਰੁਆਹ *ਏਲੋਹੀਮ* ਲਈ ‘‘ਖ਼ੁਦਾ ਵੱਲੋਂ ਹਵਾ’’ ਦੇ ਅਰਥ ਵਿਚ ਮਿਲਦਾ ਹੈ। ਇਹ ਇਸ ਲਈ ਨਹੀਂ ਹੈ ਕਿ ‘‘ਰੂਹ’’ ਸ਼ਬਦ ਦਾ ਗਲਤ ਅਨੁਵਾਦ ਹੈ ਬਲਕਿ ਇਸ ਲਈ ਹੈ ਕਿਉਂਕਿ ਇਸ ਅਨੁਵਾਦ ਦੇ ਮੁੱਖ ਸੰਪਾਦਕ ਹੈਰੀਐਮ ਓਰਲਿਸੰਕੀ ਦੇ ਅਨੁਸਾਰ ਯਹੂਦੀ ਲੋਕ ਨਹੀਂ ਮੰਨਦੇ ਸਨ ਕਿ ਪਵਿੱਤਰ ਆਤਮਾ ‘‘ਪਿਤਾ ਅਤੇ ਪੁੱਤਰ ਨਾਲ ਖ਼ੁਦਾ ਦੀ ਏਕਤਾ’’ ਵਿਚ ਭਾਈਵਾਲ ਹੈ। ਸੰਪਾਦਕ ਦਾ ਕਹਿਣਾ ਸੀ ਕਿ ‘‘ਮਸੀਹੀ ਵਿਆਖਿਆ’’ ਹੋਣ ਕਰਕੇ ‘‘ਰੂਹ’’ ਸ਼ਬਦ ਨੂੰ ਕੱਢ ਦਿੱਤਾ ਗਿਆ ਸੀ ਅਤੇ ਇਸ ਨੂੰ ਕੱਢਿਆ ਗਿਆ ਸੀ ਕਿਉਂਕਿ ‘‘ਸੰਸਾਰ ਦੀ ਰਚਨਾ ਬਾਰੇ ਬਾਈਬਲ ਦਾ ਵੇਰਵਾ ਪੁਰਾਣੇ ਪਿਛੋਕੜ’’ ‘‘ਹਵਾ’’ ਸ਼ਬਦ ਦੀ ਵਰਤੋਂ ਦੇ ਪੱਖ ਵਿਚ ਸੀ। ਪਰ ਨੇੜਲੀਆਂ ਪੂਰਵੀ ਦੰਦ ਕਹਾਣੀਆਂ ਦੇ ਹੱਕ ਵਿਚ ਰੂਆਹ ਏਲੋਹੀਮ ਨਾਲ ਬਾਈਬਲ ਨਾਲ ਜੁੜੀ ਵਰਤੋਂ ਨੂੰ ਰੱਦ ਕਰਨਾ ਸਹੀ ਲੱਭਣ ਲਈ ਸਮਝਦਾਰੀ ਦੀ ਗੱਲ ਨਹੀਂ ਲੱਗਦੀ।

ਉਤਪਤ 1:2 ਵਿਚ *ਰੁਆਹ* ਸ਼ਬਦ ਦੇ ਸੰਦਰਭ ਦੀ ਜਾਂਚ ਕਰਨ ਤੋਂ ਪਤਾ ਲਗਦਾ ਹੈ ਕਿ *ਰੁਆਹ* ਸ਼ਬਦ *ਏਲੋਹੀਮ* ਨਾਲ ਜੁੜ ਕੇ ‘‘ਖ਼ੁਦਾ ਦੇ *ਰੁਆਹ*’’ ਦਾ ਸਹੀ ਸ਼ਬਦ ਬਣਾਉਣਾ ਹੈ। ਜੇ ਇਸਦਾ ਅਰਥ ਸਿਰਫ਼ ‘‘ਹਵਾ’’ ਹੀ ਸੀ, ਤਾਂ ਇਸਦੇ ਨਾਲ ‘‘ਖ਼ੁਦਾ ਦਾ’’ ਵਾਕ ਅੰਸ਼ ਕਿਉਂ ਜੋੜਿਆ ਗਿਆ? ਪੁਰਾਣੇ ਨੇਮ ਵਿਚ *ਰੁਆਹ ਏਲੋਹੀਮ* ਦੇ ਚੁਰਾਨਵੇਂ ਹਵਾਲਿਆਂ ਦੀ ਜਾਂਚ ਤੋਂ ਪਤਾ ਲਗਦਾ ਹੈ ਕਿ ਉਤਪਤ 1:2 ਹੀ ਅਜਿਹੀ ਥਾਂ ਹੈ ਜਿੱਥੇ ‘‘ਖ਼ੁਦਾ ਦੀ ਪੌਣ’’ ਅਨੁਵਾਦ ਸਹੀ ਹੋ ਸਕਦਾ ਸੀ।[2]

ਪੁਰਾਣੇ ਨੇਮ ਦੀਆਂ ਹੋਰ ਆਇਤਾਂ (ਅੱਯੂਬ 26:13; KJV; ਜ਼ਬੂਰ 104:30) ਇਸ਼ਾਰਾ ਕਰਦੀਆਂ ਹਨ ਕਿ ਖ਼ੁਦਾ ਦੇ ਆਤਮਾ ਨੇ ਰਚਨਾਤਮਕ ਕੰਮ ਕਰਨਾ ਸੀ, ਜੋ ਸਹੀ ਅਨੁਵਾਦ ਦੇ ਤੌਰ ’ਤੇ

''ਖ਼ੁਦਾ ਦਾ ਆਤਮਾ'' ਵੱਲ ਇਸ਼ਾਰਾ ਕਰਦਾ ਹੈ। ਇਸ ਤੋਂ ਇਲਾਵਾ *ਰੂਆਹ ਏਲੋਹੀਮ* ਵਾਕ ਅੰਸ਼ ਦੇ ਅਗਲੇ ਸਦੰਰਭ ਵਿਚ ਉਤਪਤ 1:26 ਇਸ਼ਾਰਾ ਕਰਦਾ ਹੈ ਕਿ ਖ਼ੁਦਾ ਦੇ ਇਕ ਜਾਂ ਉਸ ਤੋਂ ਵੱਧ ਸਹਿਯੋਗੀ ਸਨ: ''ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਅਤੇ ਆਪਣੇ ਵਰਗਾ ਬਣਾਈਏ।''

ਕਿਉਂਕਿ ਉਤਪਤ 1:2 ਵਿਚ ''ਪੌਣ'' ਜਾਂ ਹਵਾ ਦੇ ਰੂਪ ਵਿਚ *ਰੂਆਹ* ਦੇ ਅਨੁਵਾਦ ਦਾ ਬਾਈਬਲ ਦੇ ਕਿਸੇ ਸੰਦਰਭ ਵਿਚ ਕੋਈ ਕਾਰਣ ਨਹੀਂ ਮਿਲਦਾ, ਕਿਉਂਕਿ ਇਸਦੇ ਦੋਵੇਂ ਹੀ ਅਰਥ ''ਆਤਮਾ'' ਜਾਂ ਰੂਹ ਦਾ ਸਪੱਸ਼ਟ ਜਾਂ ਆਮ ਸਦੰਰਭ ਹਨ। ਇਸ ਲਈ ਲਗਦਾ ਹੈ ਕਿ ਉਤਪਤ 1:2 ਵਿਚ *ਰੂਆਹ ਏਲੋਹੀਮ* ਦਾ ਅਰਥ ''ਖ਼ੁਦਾ ਦਾ ਆਤਮਾ'' ਹੀ ਹੋਣਾ ਚਾਹੀਦਾ ਹੈ। ਇਸ ਤਰ੍ਹਾਂ *ਰੂਆਹ ਏਲੋਹੀਮ* ਵਾਕ ਅੰਸ਼ ਨੂੰ ਖ਼ੁਦਾ ਦੀ ਵਿਆਖਿਆ ਮੰਨਿਆ ਜਾ ਸਕਦਾ ਹੈ।

## ਖ਼ੁਦਾ ਦੇ ਆਤਮਾ ਦੀ ਅਹਿਮੀਅਤ

ਖ਼ੁਦਾ ਦੇ ਵਿਆਖਿਆਤਮਕ ਵਾਕ ਅੰਸ਼ ਦੇ ਰੂਪ ਵਿਚ ''ਖ਼ੁਦਾ ਦੇ ਆਤਮਾ'' ਦੀਆਂ ਘੱਟੋ-ਘੱਟ ਛੇ ਅਹਿਮੀਅਤਾਂ ਹਨ।

1. *ਖ਼ੁਦਾਈ।* ਉਤਪਤ 1:2 ਵਿਚਲੇ ''ਪਰਮੇਸ਼ੁਰ ਦਾ ਆਤਮਾ'' ਵਾਕ ਅੰਸ਼ ਤੋਂ ਖ਼ੁਦਾਈ ਦੇ ਇਕ ਤੋਂ ਵੱਧ ਜਣਿਆਂ ਦੇ ਹੋਣ ਦੀ ਜਾਣਕਾਰੀ ਮਿਲਦੀ ਹੈ। ਅਸਲ 'ਚ ਇਸ ਗੱਲ ਨੂੰ ਸਮਝਾਇਆ ਨਹੀਂ ਜਾ ਸਕਦਾ ਕਿ ਤਿੰਨ ''ਸ਼ਖ਼ਸ'' ਹੋਣ ਦੇ ਬਾਵਜੂਦ ਖ਼ੁਦਾ ਇਕ ਕਿਵੇਂ ਹੈ? ਉਸਦੇ ਗੁਣਾਂ ਦਾ ਭੇਦ ਨਹੀਂ ਮਿਲਦਾ ਹੈ ਕਿਉਂਕਿ ਉਹਦੇ ਡੂੰਘੇ ਵਿਚਾਰਾਂ ਨੂੰ ਸਿਰਫ਼ ਖ਼ੁਦਾ ਦਾ ਆਤਮਾ ਹੀ ਜਾਣਦਾ ਹੈ (1 ਕੁਰਿੰਥੀਆਂ 2:10, 11)। ਇਨਸਾਨ ਦੀ ਗੱਲ ਭਾਵੇਂ ਕਿੰਨੇ ਵੀ ਪਰਦੇ ਵਿਚ ਕੀਤੀ ਹੋਵੇ, ਖ਼ੁਦਾ ਨੂੰ ਸੁਣ ਹੀ ਜਾਂਦੀ ਹੈ (ਅੱਯੂਬ 26:14)!

ਮਨੁੱਖ ਨੂੰ ਖ਼ੁਦਾ ਦੇ ਆਤਮਾ ਬਾਰੇ ਜੋ ਵੀ ਗਿਆਨ ਹੈ ਉਸਦੀ ਬੜੀ ਅਹਿਮੀਅਤ ਹੈ। ਹਰ ਥਾਂ ਹੋਣ ਦੇ ਬਾਵਜੂਦ ਉਹ ਇਕ ਵਿਅਕਤੀ ਵੀ ਹੈ। ਉਸ ਵਿਚ ਦਿਮਾਗ਼ ਹੈ (ਰੋਮੀਆਂ 8:27); ਉਹ ਸੁਣਦਾ ਅਤੇ ਬੋਲਦਾ ਵੀ ਹੈ (ਯੂਹੰਨਾ 16:13), ਗਹਿਰਾਈ ਤਕ ਮਹਿਸੂਸ ਕਰਦਾ ਹੈ (ਅਫ਼ਸੀਆਂ 4:30)। ਆਤਮਾ ਮਸੀਹੀ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਰਹਿੰਦਾ ਹੈ (ਗਲਾਤੀਆਂ 4:6), ਅਤੇ ਸੁਰਗ ਵਿਚ ਉਨ੍ਹਾਂ ਲਈ ਦੁਆ ਕਰਦਾ ਹੈ (ਰੋਮੀਆਂ 8:26, 27)। ਉਹ ਪਾਪੀਆਂ ਨੂੰ ਖ਼ੁਦਾ ਦੀ ਸੰਤਾਨ ਹੋਣ ਲਈ ਬੁਲਾਉਂਦਾ ਹੈ (ਪ੍ਰਕਾਸ਼ ਦੀ ਪੋਥੀ 22:17)।

2. *ਖ਼ੁਦਾ ਦਾ ਸੁਭਾਅ।* ''ਪਰਮੇਸ਼ੁਰ ਦਾ ਆਤਮਾ'' ਵਾਕ ਅੰਸ਼ ਖ਼ੁਦਾ ਦੇ ਸੁਭਾਅ ਨੂੰ ਹੀ ਦਰਸਾਉਂਦਾ ਹੈ ਕਿ ਉਹ ਇਕ ਰੂਹਾਨੀ ਜੀਵ ਹੈ (ਯੂਹੰਨਾ 4:24), ਨਾ ਮਾਸ ਅਤੇ ਹੱਡੀਆਂ (ਲੂਕਾ 24:39), ਨਾ ਮਾਸ ਅਤੇ ਲਹੂ (1 ਕੁਰਿੰਥੀਆਂ 15:50)। ਆਤਮਾ ਹੋਣ ਕਰਕੇ ਉਹਨੂੰ ਇਨਸਾਨੀ ਅੱਖੀਆਂ ਨਾਲ ਵੇਖਿਆ ਨਹੀਂ ਜਾ ਸਕਦਾ (ਕੁਲੁੱਸੀਆਂ 1:15)।

ਆਤਮਾ ਦੇ ਮਾਸ ਅਤੇ ਹੱਡੀਆਂ ਨਹੀਂ ਹੁੰਦੀਆਂ, ਇਸ ਕਰਕੇ ਜ਼ਾਹਿਰ ਹੈ ਕਿ ਇਸ ਭਾਸ਼ਾ ਵਿਚ ਖ਼ੁਦਾ ਦੀਆਂ ਨਾਸਾਂ, ਮੂੰਹ, ਪੈਰ, ਬਾਹਾਂ, ਕੰਨ, ਅੱਖਾਂ, ਪਲਕਾਂ, ਅਤੇ ਖੰਭ (ਕੂਚ 15:8; 33:23; 24:10; ਵਿਵਸਥਾਸਾਰ 33:27; ਯਸਾਯਾਹ 59:1, 2; ਜ਼ਬੂਰ 11:4; 91:4) ਸਿਰਫ਼ ਸੰਕੇਤਿਕ ਅਰਥਾਂ ਵਿਚ ਹੀ ਸਮਝੇ ਜਾ ਸਕਦੇ ਹਨ। ਦੁੱਖ ਦੀ ਗੱਲ ਹੈ ਕਿ ਧਾਰਮਿਕ ਸਿੱਖਿਆ ਦੇਣ ਵਾਲੇ ਖ਼ੁਦਾ ਦੇ ਸੁਭਾਅ ਵਿਚ ਐਨੀ ਗ਼ਲਤੀ ਕਰਦੇ ਹਨ ਜਦ ਕਿ ਉਹ ਲਿਖਦੇ ਹਨ ਕਿ ''ਮਨੁੱਖ ਵਾਂਗ ਹੀ ਉਸਦੇ ਮਾਸ ਅਤੇ ਹੱਡੀਆਂ'' ਹਨ।[3]

3. *ਵੇਖਣ ਯੋਗ ਅਤੇ ਅਦਿੱਖ।* ''ਪਰਮੇਸ਼ੁਰ ਦਾ ਆਤਮਾ'' ਵਾਕ ਅੰਸ਼ ਦੀ ਵਰਤੋਂ ਤੋਂ ਸਾਬਤ ਹੁੰਦਾ ਹੈ ਕਿ ਖ਼ੁਦਾ ਨੂੰ ਕਿਸੇ ਮਨੁੱਖ ਨੇ ਕਦੇ ਕਿਉਂ ਨਹੀਂ ਵੇਖਿਆ ਅਤੇ ਕੋਈ ਮਨੁੱਖ ਕਿਉਂ ਵੇਖ ਨਹੀਂ

ਸਕਦਾ (ਕੂਚ 33:20; ਯੂਹੰਨਾ 1:18; 1 ਤਿਮੋਥਿਉਸ 6:16)। ਆਤਮਾ ਨਜ਼ਰ ਨਹੀਂ ਆਉਂਦਾ (ਕੁਲੁੱਸੀਆਂ 1:15); ਇਸ ਕਰਕੇ ਮਨੁੱਖੀ ਅੱਖਾਂ ਨੇ ਖ਼ੁਦਾ ਨੂੰ ਕਦੇ ਨਹੀਂ ਵੇਖਿਆ।

ਪਰ ਖ਼ੁਦਾ ਲਈ ਸਭ ਕੁਝ ਮੁਮਕਿਨ ਹੈ। ਉਹਦੇ ਲਈ ਜਿਸਮਾਨੀ ਤੌਰ 'ਤੇ ਆਪਣੇ ਆਪ ਨੂੰ ਅਬਰਾਹਾਮ ਦੇ ਡੇਰੇ ਕੋਲ ਇਕ ਮਨੁੱਖ ਦੇ ਰੂਪ ਵਿਚ (ਉਤਪਤ 18:1), ਮੂਸਾ ਨੂੰ ਅੱਗ ਦੇ ਰੂਪ ਵਿਚ (ਕੂਚ 3:2), ਇਸਰਾਏਲ ਨੂੰ ਸੰਘਣੇ ਬੱਦਲਾਂ ਦੇ ਰੂਪ ਵਿਚ (ਕੂਚ 19:9), ਅਤੇ ਏਲੀਆਹ ਨੂੰ ਅਵਾਜ਼ ਦੇ ਰੂਪ ਵਿਚ (1 ਰਾਜਿਆਂ 19:13), ਮਨੁੱਖ ਦੇ ਰੂਪ ਵਿਚ ''ਇੰਮਾਨੂਏਲ'' ਅਖਵਾਉਣ ਵਾਲਾ ਬਣ ਕੇ (ਮੱਤੀ 1:23; ਯੂਹੰਨਾ 14:9) ਵਿਖਾਉਣਾ ਨਿੱਕੀ ਜਿਹੀ ਗੱਲ ਹੈ। ਮਨੁੱਖੀ ਅੱਖਾਂ ਨੇ ਖ਼ੁਦਾ ਦਿਆਂ ਇਨ੍ਹਾਂ ਤਿੰਨ ਰੂਪਾਂ ਨੂੰ ਵੇਖਿਆ ਹੈ, ਪਰ ਉਹ ਖ਼ੁਦਾ ਦੇ ਪੂਰਣ ਰੂਪ ਅਰਥਾਤ *ਰੂਆਹ* ਜਾਂ ਆਤਮਾ ਨੂੰ ਨਹੀਂ ਵੇਖ ਸਕਦੀਆਂ।

4. *ਨਾਸ਼ਵਾਨ ਨਹੀਂ।* ''ਪਰਮੇਸ਼ੁਰ ਦਾ ਆਤਮਾ'' ਵਾਕ ਅੰਸ਼ ਦਾ ਇਕ ਹੋਰ ਅਹਿਮ ਅਰਥ ਇਹ ਹੈ ਕਿ ਖ਼ੁਦਾ ਅਵਿਨਾਸ਼ੀ ਹੈ। ਜੇ ਖ਼ੁਦਾ ਮਾਸ ਅਤੇ ਲਹੂ ਦਾ ਹੁੰਦਾ ਤਾਂ ਉਸਨੇ ਮਰਨਹਾਰ ਹੋਣਾ ਸੀ, ਜਿਸ ਕਰਕੇ ਉਸਦੀ ਮੌਤ ਹੋ ਸਕਦੀ ਸੀ। ਉਸਦਾ ਸੁਭਾਅ ਆਤਮਾ ਹੈ ਇਸ ਲਈ ਉਹ ਮਰ ਨਹੀਂ ਸਕਦਾ (1 ਕੁਰਿੰਥੀਆਂ 15:50)। ਅਵਿਨਾਸ਼ੀ ਸਿਰਫ਼ ਉਹੀ ਹੈ (1 ਤਿਮੋਥਿਉਸ 6:16)।[4]

5. *ਸਥਾਨਿਕ ਨਹੀਂ।* ਖ਼ੁਦਾ ਦੇ ਆਤਮਾ ਨੂੰ ਸਥਾਨਿਕ ਅਰਥ ਨਹੀਂ ਦਿੱਤਾ ਜਾ ਸਕਦਾ। ਉਸਦੇ ਪ੍ਰਗਟਾਵੇ ਨੂੰ ਖਿਆਲ ਵਿਚ ਵੇਖਿਆ ਜਾ ਸਕਦਾ ਹੈ, ਅਤੇ ਵੇਖਿਆ ਗਿਆ ਹੈ (ਉਤਪਤ 18:33); ਪਰ ਆਤਮਾ ਹੋਣ ਕਰਕੇ ਖ਼ੁਦਾ ਦੇ ਪੂਰਣ ਰੂਪ ਨੂੰ ਇਕ ਥਾਂ ਤਕ ਸੀਮਿਤ ਨਹੀਂ ਕੀਤਾ ਜਾ ਸਕਦਾ। ਪਹਾੜ ਜਾਂ ਹੈਕਲ ਨੂੰ ਇੱਥੋਂ ਤਕ ਕਿ ਉੱਚੇ ਤੋਂ ਉੱਚੇ ਅਕਾਸ਼ ਵੀ ਉਸ ਨੂੰ ਆਪਣੇ ਵਿਚ ਸਮਾ ਨਹੀਂ ਸਕਦੇ (1 ਰਾਜਿਆਂ 8:27)। ਕੋਈ ਵੀ ਥਾਂ ਨਹੀਂ ਹੈ ਜਿੱਥੇ ਕਿਹਾ ਜਾ ਸਕੇ ਕਿ ਖ਼ੁਦਾ ਉੱਥੇ ਨਹੀਂ ਹੈ (ਜ਼ਬੂਰ 139:7-12)।

6. *ਮਨੁੱਖ ਦੇ ਸੁਭਾਅ ਦੀ ਵਿਆਖਿਆ।* ''ਪਰਮੇਸ਼ੁਰ ਆਤਮਾ ਹੈ'' ਸ਼ਬਦ ਸਾਡੀ ਇਹ ਸਮਝਣ ਵਿਚ ਮਦਦ ਕਰਦਾ ਹੈ ਕਿ ਇਨਸਾਨ ਨੂੰ ਖ਼ੁਦਾ ਨੇ ਆਪਣੇ ਸਰੂਪ 'ਤੇ ਬਣਾਇਆ ਹੈ। ਜੇ ਖ਼ੁਦਾ ਆਤਮਾ ਹੈ ਤਾਂ ਇਨਸਾਨ ਵਿਚ ਉਸਦਾ ਸਰੂਪ ਆਤਮਾ ਹੈ। ਇਹ ਜਿਸਮ ਤਾਂ ਸਾਨੂੰ ਸਾਡੇ ਮਾਤਾ-ਪਿਤਾ ਤੋਂ ਮਿਲੇ ਹਨ, ਜੋ ਅਖੀਰ ਮਿੱਟੀ ਵਿਚ ਮਿਲ ਜਾਣਗੇ; ਪਰ ਸਾਡੇ ਵਿਚ *ਰੂਆਹ* ਭਾਵ ਆਤਮਾ ਖ਼ੁਦਾ ਹੀ ਰਚਦਾ ਹੈ (ਜ਼ਕਰਯਾਹ 12:1)। ਉਹ ਸਾਡੀਆਂ ਰੂਹਾਂ ਦਾ ਪਿਤਾ ਹੈ ਅਤੇ ਓਸੇ ਕੋਲੋਂ ਸਾਡੀਆਂ ਰੂਹਾਂ ਆਉਂਦੀਆਂ ਹਨ ਅਤੇ ਓਸੇ ਕੋਲ ਚਲੀਆਂ ਜਾਂਦੀਆਂ ਹਨ (ਉਪਦੇਸ਼ਕ ਦੀ ਪੋਥੀ 12:7; ਇਬਰਾਨੀਆਂ 12:9)। ਫਿਰ ਜਦ ਤਕ ਆਤਮਾ ਮਨੁੱਖ ਦੇ ਅੰਦਰ ਹੈ, ਉਹਦੀ ਦੇਹ ਦੀ ਕੋਈ ਅਹਿਮੀਅਤ ਨਹੀਂ ਹੈ, ਅਤੇ ਉਹ ਪਵਿੱਤਰ ਹੈ (1 ਕੁਰਿੰਥੀਆਂ 6:19, 20) ਪਰ ਜੇ ਮਨੁੱਖ ਦਾ ਸੁਭਾਅ *ਅਸਲੀ* ਨਹੀਂ ਭਾਵ ਜਿਸਦਾ ਸਰੂਪ ਖ਼ੁਦਾ ਤੋਂ ਮਿਲਿਆ ਹੋਵੇ।

ਜਿਸਮ ਤੋਂ ਕੋਈ ਲਾਭ ਨਹੀਂ ਹੈ, ਜ਼ਿੰਦਗੀ ਤਾਂ ਖ਼ੁਦਾ ਦੇ ਆਤਮਾ ਤੋਂ ਹੀ ਮਿਲਦੀ ਹੈ (ਯੂਹੰਨਾ 6:63)। ''ਭੋਜਨ ਪੇਟ ਦੇ ਲਈ ਅਤੇ ਪੇਟ ਭੋਜਨ ਦੇ ਲਈ ਪਰ ਪਰਮੇਸ਼ੁਰ ਉਹਦਾ ਨਾਲੇ ਇਨ੍ਹਾਂ ਦਾ ਨਾਸ ਕਰੇਗਾ ਪਰ ਸਰੀਰ ਹਰਾਮਕਾਰੀ ਦੇ ਲਈ ਨਹੀਂ ਸਗੋਂ ਪ੍ਰਭੂ ਦੇ ਲਈ ਹੈ ਅਤੇ ਪ੍ਰਭੂ ਸਰੀਰ ਦੇ ਲਈ'' ਹੈ (1 ਕੁਰਿੰਥੀਆਂ 6:13)। ਆਦਮੀ ਦੀ ਰੂਹ ਹੀ ਹੈ ਜੋ ਜ਼ਿੰਦਾ ਰਹਿੰਦੀ ਹੈ ਅਤੇ ਉਸਦੇ ਉਸ ਹਿੱਸੇ ਨੂੰ ਖ਼ੁਦਾ ਦੇ ਆਤਮਾ ਵਰਗਾ ਬਣਾਇਆ ਗਿਆ ਹੈ।

''ਖ਼ੁਦਾ ਦਾ ਆਤਮਾ'' ਵਾਕ ਅੰਸ਼ ਸਾਨੂੰ ਖ਼ੁਦਾ ਦੇ ਜ਼ਰੂਰੀ ਸੁਭਾਅ ਨੂੰ ਵਿਖਾ ਕੇ ਖ਼ੁਦਾ ਦੀ ਸਮਝ ਦੇਣ ਵਿਚ ਮਦਦਗਾਰ ਹੈ। ਇਹ ਸਮਝਾਉਂਦਾ ਹੈ ਕਿ ਬਾਈਬਲ ਕਿਵੇਂ ਆਖ ਸਕਦੀ ਹੈ ਕਿ ਖ਼ੁਦਾ ਨੂੰ ਵੇਖ ਕੇ ਵੀ ਵੇਖਿਆ ਨਹੀਂ ਗਿਆ ਹੈ। ਇਹ ਤੱਥ ਕਿ ਖ਼ੁਦਾ ''ਆਤਮਾ'' ਹੈ, ਦੱਸਦਾ ਹੈ ਕਿ ਖ਼ੁਦਾ ਕਿਉਂ

ਨਹੀਂ ਮਰ ਸਕਦਾ ਅਤੇ ਉਸਨੂੰ ਸਥਾਨਕ ਕਿਉਂ ਨਹੀਂ ਬਣਾਇਆ ਜਾ ਸਕਦਾ ਅਤੇ ਇਹ ਕਿ ਮਨੁੱਖ ਦਾ ਕਿਹੜਾ ਹਿੱਸਾ ਖ਼ੁਦਾ ਦੇ ਵਰਗਾ ਬਣਾਇਆ ਗਿਆ ਹੈ।

ਮਨੁੱਖ ਦੀ ਰਚਨਾ (ਉਤਪਤ 1:2; ਅੱਯੂਬ 26:13; ਜ਼ਬੂਰ 104:30) ਮਨੁੱਖ ਦੀ ਰਚਨਾ ਦੇ ਭਾਗ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ (ਉਤਪਤ 1:2, 26; ਅੱਯੂਬ 33:4)।

---

ਟਿੱਪਣੀਆਂ

[1]KJV ਵਿਚ ਜ਼ਬੂਰ 146:4 ਵਿਚ ''breath'' ਹੈ। [2]ਉਦਾਹਰਣ ਲਈ, ਵੇਖੋ ਕੂਚ 31:3; ਗਿਣਤੀ 24:2; 1 ਸਮੂਏਲ 10:10; 2 ਇਤਿਹਾਸ 15:1. ''ਮੇਰਾ ਆਤਮਾ'' (ਉਤਪਤ 6:3) ''ਖ਼ੁਦਾ ਦਾ ਸਾਹ'' (ਅੱਯੂਬ 27:3) ਹੋ ਸਕਦਾ ਸੀ। [3]ਜੋਜ਼ਫ਼ ਸਮਿਥ ਜੂਨੀਅਰ, *ਡਾਕਟ੍ਰਿਨ ਐਂਡ ਕਵਿਨੈਂਟ* (ਸਾਲਟ ਲੇਕ ਸਿਟੀ: ਦਿ ਚਰਚ ਆਫ਼ ਜੀਜ਼ਸ ਕ੍ਰਾਈਸਟ ਆਫ਼ ਲੇਟਰ ਡੇ ਸੇਂਟਸ, 1974), 130:22. [4]''ਇਕ ਅਰਥ ਅਨੁਸਾਰ ਪਸ਼ੂਆਂ ਵਿਚ *ਰੂਆਹ* ਹੁੰਦੀ ਹੈ'' (ਉਪਦੇਸ਼ਕ ਦੀ ਪੋਥੀ 3:21) ਜਿਸ ਤੋਂ ਭਾਵ ''ਸਾਹ'' ਜਾਂ ''ਪ੍ਰਾਣ'' ਹੈ, ਪਰ ਉਹ ਅਵਿਨਾਸ਼ੀ ਨਹੀਂ ਹਨ।